# Press Statement on ceasefire violations by Pakistani forces targeting Indian civilians

November 14, 2020

……………………………………………………………………………………………………………………

# ਭਾਰਤੀ ਨਾਗਰਿਕਾਂ ਨੂੰ ਨਿਸ਼ਾਨਾ ਬਣਾ ਰਹੀਆਂ ਪਾਕਿਸਤਾਨੀ ਫੌਜਾਂ ਦੁਆਰਾ ਜੰਗਬੰਦੀ ਦੀ ਉਲੰਘਣਾ ਸਬੰਧੀ ਪ੍ਰੈਸ ਬਿਆਨ

14 ਨਵੰਬਰ, 2020

ਵਿਦੇਸ਼ ਮੰਤਰਾਲੇ ਵੱਲੋਂ ਅੱਜ ਪਾਕਿਸਤਾਨੀ ਹਾਈ ਕਮਿਸ਼ਨ ਦੇ ਕਾਰਜਕਾਰੀ ਦੂਤ ਨੂੰ ਤਲਬ ਕਰਕੇ ਜੰਮੂ-ਕਸ਼ਮੀਰ ਅੰਦਰ ਕੰਟ੍ਰੋਲ ਰੇਖਾ (LoC) ਉੱਤੇ ਕਈ ਖੇਤਰਾਂ ਵਿੱਚ ਪਾਕਿਸਤਾਨੀ ਫੌਜਾਂ ਦੁਆਰਾ ਬਿਨਾ ਕਿਸੇ ਵੱਲੋਂ ਭੜਕਾਏ ਜਾਣ 'ਤੇ 13 ਨਵੰਬਰ, 2020 ਨੂੰ ਕੀਤੀ ਗਈ ਜੰਗਬੰਦੀ ਦੀ ਉਲੰਘਣਾ, ਜਿਸ ਦੇ ਸਿੱਟੇ ਵਜੋਂ ਚਾਰ ਨਿਰਦੋਸ਼ ਨਾਗਰਿਕਾਂ ਦੀ ਮੌਤ ਹੋ ਗਈ ਅਤੇ 19 ਹੋਰ ਵਿਅਕਤੀਆਂ ਨੂੰ ਗੰਭੀਰ ਸੱਟਾਂ ਲੱਗੀਆਂ ਸਨ, ਬਾਰੇ ਸਖ਼ਤ ਵਿਰੋਧ ਦਰਜ ਕਰਾਇਆ ਗਿਆ।

ਭਾਰਤ ਪਾਕਿਸਤਾਨੀ ਫੌਜਾਂ ਦੁਆਰਾ ਨਿਰਦੋਸ਼ ਨਾਗਰਿਕਾਂ ਨੂੰ ਜਾਣਬੁੱਝ ਕੇ ਨਿਸ਼ਾਨਾ ਬਣਾਏ ਜਾਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਾ ਹੈ। ਇਹ ਗੱਲ ਬਹੁਤ ਅਫਸੋਸਨਾਕ ਹੈ ਕਿ ਪਾਕਿਸਤਾਨ ਨੇ ਭਾਰਤੀ ਨਾਗਰਿਕਾਂ 'ਤੇ ਤੋਪਖਾਨੇ ਅਤੇ ਮੋਰਟਾਰ ਸਮੇਤ ਭਾਰੀ ਹਥਿਆਰਾਂ ਦੀ ਵਰਤੋਂ ਕਰਕੇ ਕੰਟ੍ਰੋਲ ਰੇਖਾ ਉੱਤੇ ਵਿਉਂਤਬੰਦੀ ਨਾਲ ਗੋਲੀਬਾਰੀ ਕਰਕੇ ਜੰਮੂ-ਕਸ਼ਮੀਰ ਵਿੱਚ ਸ਼ਾਂਤੀ ਭੰਗ ਕਰਨ ਅਤੇ ਹਿੰਸਾ ਕਰਨ ਲਈ ਭਾਰਤ ਅੰਦਰ ਮਨਾਏ ਜਾਣ ਵਾਲੇ ਤਿਉਹਾਰ ਦਾ ਸਮਾਂ ਚੁਣਿਆ।

ਭਾਰਤ ਨੇ ਪਾਕਿਸਤਾਨ ਦੁਆਰਾ ਸਰਹੱਦੋਂ ਪਾਰ ਅੱਤਵਾਦੀ ਘੁਸਪੈਠ ਨੂੰ ਦਿੱਤੀ ਜਾ ਰਹੀ ਮਦਦ, ਜਿਸ ਵਿਚ ਪਾਕਿ ਫੌਜਾਂ ਦੁਆਰਾ ਦਿੱਤੀ ਗਈ ਸਮਰਥਕ ਕਵਰ ਫਾਇਰਿੰਗ ਵੀ ਸ਼ਾਮਲ ਹੈ, ਦਾ ਸਖ਼ਤ ਵਿਰੋਧ ਕੀਤਾ। ਪਾਕਿਸਤਾਨ ਨੂੰ ਇੱਕ ਵਾਰ ਫਿਰ ਆਪਣੀ ਦੁਵੱਲੀ ਵਚਨਬੱਧਤਾ ਦੀ ਯਾਦ ਦਿਵਾਈ ਗਈ ਕਿ ਇਸ ਦੇ ਕੰਟਰੋਲ ਹੇਠ ਕਿਸੇ ਵੀ ਖੇਤਰ ਨੂੰ ਭਾਰਤ ਵਿਰੁੱਧ ਕਿਸੇ ਵੀ ਤਰੀਕੇ ਦੇ ਅੱਤਵਾਦ ਲਈ ਇਸਤੇਮਾਲ ਨਾ ਕਰਨ ਦਿੱਤਾ ਜਾਵੇ।

ਨਵੀਂ ਦਿੱਲੀ
14 ਨਵੰਬਰ 2020

DISCLAIMER: This is an approximate translation. The original is available in English on MEA's website and may be referred to as the official press release.